Surrey Schools
LEADERSHIP IN LEARNING

Tel: 604.596.7733
www.surreyschools.ca

# ਆਪਣੇ ਬੱਚਿਆਂ ਨੂੰ ਪੜ੍ਹ ਕੇ ਸੁਣਾਉਣ ਦੇ ਪੰਜ ਕਾਰਨ

(5 Reasons to Read)

1. ਖੋਜ ਦਸਦੀ ਹੈ ਕਿ ਜਦੋਂ ਬੱਚਿਆਂ ਨੂੰ ਪੜ੍ਹ ਕੇ ਸੁਣਾਇਆ ਜਾਵੇ ਤਾਂ ਉਹਨਾਂ ਦੀਆਂ ਬੋਲੀ, ਸ਼ਬਦਾਵਲੀ ਅਤੇ ਪੜ੍ਹਨ ਦੀਆਂ ਯੋਗਤਾਵਾਂ ਵਿੱਚ ਬਹੁਤ ਜ਼ਿਆਦਾ ਸੁਧਾਰ ਹੁੰਦਾ ਹੈ; ਇਹ ਸਾਰੀਆਂ ਪੜ੍ਹਨ ਅਤੇ ਲਿਖਣ ਦੇ ਵਿਕਾਸ ਵਿੱਚ ਕਾਮਯਾਬ ਹੋਣ ਵਿੱਚ ਯੋਗਦਾਨ ਪਾਉਣ ਵਾਲੀਆਂ ਮਹੱਤਵਪੂਰਨ ਚੀਜ਼ਾਂ ਹਨ।



2. ਬੱਚਿਆਂ ਨੂੰ ਪੜ੍ਹ ਕੇ ਸੁਣਾਉਣ ਨਾਲ ਬੱਚਿਆਂ ਨੂੰ ਸੁਨੇਹਾ ਮਿਲਦਾ ਹੈ ਕਿ ਪੜ੍ਹਨਾ ਇਕ ਬਹੁਮੁੱਲੀ ਚੀਜ਼ ਹੈ।

3. ਬੱਚਿਆਂ ਨੂੰ ਪੜ੍ਹ ਕੇ ਸੁਣਾਉਣਾ ਬੱਚਿਆਂ ਨਾਲ ਵਧੀਆ ਸਮਾਂ ਬਿਤਾਉਣ ਦਾ ਇਕ ਢੰਗ ਹੈ, ਜਿਸ ਨਾਲ ਇਕ ਖਾਸ ਰਿਸ਼ਤਾ, ਸਾਂਝੀਆਂ ਯਾਦਾਂ ਅਤੇ ਸੰਬੰਧ ਪੈਦਾ ਹੁੰਦੇ ਹਨ।

4. ਬੱਚਿਆਂ ਨੂੰ ਪੜ੍ਹ ਕੇ ਸੁਣਾਉਣਾ ਗਿਆਨ ਵਿੱਚ ਵਾਧਾ ਕਰਦਾ ਹੈ, ਜਗਿਆਸਾ ਪੈਦਾ ਕਰਦਾ ਹੈ ਅਤੇ ਉਨ੍ਹਾਂ ਨੂੰ ਇਕ ਹੋਰ ਦੁਨੀਆ ਵਿੱਚ ਲੈ ਜਾਂਦਾ ਹੈ।

5. ਬੱਚਿਆਂ ਨੂੰ ਪੜ੍ਹ ਕੇ ਸੁਣਾਉਣ ਨਾਲ ਇਹ ਸੁਨੇਹਾ ਮਿਲਦਾ ਹੈ ਕਿ ਪੜ੍ਹਨਾ ਇਕ ਮਜ਼ੇ ਵਾਲੀ ਗੱਲ ਹੈ ਜਿਸ ਤੋਂ "ਉਮਰ-ਭਰ ਲਈ" ਪਾਠਕ ਬਣਨ ਲਈ ਉਤਸ਼ਾਹ ਮਿਲਦਾ ਹੈ।



*"ਬੱਚਿਆਂ ਨੂੰ ਕਿਤਾਬਾਂ ਨਾਲ ਉਨ੍ਹਾਂ ਯਾਦਾਂ ਕਰਕੇ ਪਿਆਰ ਪੈਂਦਾ ਹੈ, ਜਿਹੜੀਆਂ ਯਾਦਾਂ ਉਨ੍ਹਾਂ ਦੀਆਂ ਕਿਸੇ ਪਿਆਰੇ ਦੀ ਬੁੱਕਲ ਵਿੱਚ ਬੈਠ ਕੇ ਪੜ੍ਹਨ ਕਰ ਕੇ ਪੈਦਾ ਹੋਈਆਂ ਹੁੰਦੀਆਂ ਹਨ।"*

ਪਾਠਕ ਪੈਦਾ ਕਰਨੇ।